# Visit of External Affairs Minister, Dr. S. Jaishankar, to New Zealand and Australia (October 05-11, 2022)

October 03, 2022

## ਵਿਦੇਸ਼ ਮੰਤਰੀ ਡਾ. ਐੱਸ . ਜੈਸ਼ੰਕਰ ਵੱਲੋਂ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦਾ ਦੌਰਾ (05-11 ਅਕਤੂਬਰ, 2022)

## 3 ਅਕਤੂਬਰ , 2022

1. ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ 05-11 ਅਕਤੂਬਰ 2022 ਤੱਕ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦਾ ਦੌਰਾ ਕਰਨਗੇ।

2. ਇਹ EAM ਵੱਲੋਂ ਨਿਊਜ਼ੀਲੈਂਡ ਦਾ ਪਹਿਲਾ ਦੌਰਾ ਹੋਵੇਗਾ। ਆਕਲੈਂਡ ਵਿੱਚ EAM 6 ਅਕਤੂਬਰ ਨੂੰ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਜੈਸਿੰਡਾ ਆਰਡਰਨ ਨਾਲ ਇੱਕ ਸਮਾਗਮ ਵਿੱਚ ਹਿੱਸਾ ਲੈਣਗੇ ਜਿਸ ਵਿੱਚ ਉਹ ਨਿਊਜ਼ੀਲੈਂਡ ਵਿੱਚ ਭਾਰਤੀ ਸਮੁਦਾਏ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਬੇਮਿਸਾਲ ਪ੍ਰਾਪਤੀਆਂ ਅਤੇ ਯੋਗਦਾਨ ਲਈ ਸਨਮਾਨਿਤ ਕਰਨਗੇ। ਦੋਵੇਂ ਆਗੂ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਮੌਕੇ ਇੰਡੀਆ@75 ਡਾਕ ਟਿਕਟਾਂ ਜਾਰੀ ਕਰਨਗੇ। EAM ਕਿਤਾਬ 'Modi@20: Dreams Meet Delivery' ਲਾਂਚ ਕਰਣਗੇ । ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਿੱਖ ਕੌਮ ਨਾਲ ਵਿਸ਼ੇਸ਼ ਸਾਂਝ ਨੂੰ ਦਰਸਾਉਂਦੀ ਇੱਕ ਕਿਤਾਬ 'ਹਾਰਟਫੇਲਟ – ਦਿ ਲੈਗੇਸੀ ਆਫ ਫੇਥ' ਵੀ ਰਿਲੀਜ਼ ਕੀਤੀ ਜਾਵੇਗੀ।

3. EAM ਨਿਊਜ਼ੀਲੈਂਡ ਦੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਨੈਨਾ ਮਾਹੂਤਾ ਨਾਲ ਆਕਲੈਂਡ ਵਿੱਚ ਸਮੁੱਚੇ ਸਬੰਧਾਂ 'ਤੇ ਚਰਚਾ ਅਤੇ ਸਮੀਖਿਆ ਕਰਨ ਲਈ ਦੁਵੱਲੀ ਬੈਠਕ ਕਰਨਗੇ। ਉਹ ਕਈ ਮੰਤਰੀਆਂ ਨਾਲ ਵੀ ਗੱਲਬਾਤ ਕਰਨਗੇ, ਜਿਨ੍ਹਾਂ ਵਿੱਚ ਕਮਿਊਨਿਟੀ ਅਤੇ ਸਵੈ-ਇੱਛੁਕ ਖੇਤਰ, ਵਿਭਿੰਨਤਾ, ਸਮਾਵੇਸ਼ ਅਤੇ ਨਸਲੀ ਭਾਈਚਾਰਿਆਂ ਅਤੇ ਯੁਵਾ ਮੰਤਰੀ ਮਹਾਮਹਿਮ ਸ਼੍ਰੀਮਤੀ ਪ੍ਰਿਅੰਕਾ ਰਾਧਾਕ੍ਰਿਸ਼ਨਨ, ਜੋ ਕਿ ਨਿਊਜ਼ੀਲੈਂਡ ਵਿੱਚ ਮੰਤਰੀ ਬਣਨ ਵਾਲੀ ਭਾਰਤੀ ਮੂਲ ਦੀ ਪਹਿਲੀ ਵਿਅਕਤੀ ਹੈ, ਸੰਸਦ ਮੈਂਬਰ, ਵਪਾਰਕ ਸਮੁਦਾਏ ਦੇ ਮੈਂਬਰਾਂ ਦੇ ਨਾਲ-ਨਾਲ ਭਾਰਤੀ ਪ੍ਰਵਾਸੀ ਭਾਰਤੀ ਵਿਦਿਆਰਥੀ ਸ਼ਾਮਲ ਹਨ। ਵੈਲਿੰਗਟਨ ਵਿੱਚ ਉਹ ਭਾਰਤੀ ਹਾਈ ਕਮਿਸ਼ਨ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕਰਨਗੇ।

4. ਆਸਟ੍ਰੇਲੀਆ ਵਿੱਚ EAM ਕੈਨਬਰਾ ਅਤੇ ਸਿਡਨੀ ਦਾ ਦੌਰਾ ਕਰਨਗੇ। ਇਹ EAM ਵੱਲੋਂ ਇਸ ਸਾਲ ਆਸਟਰੇਲੀਆ ਦੀ ਦੂਜੀ ਯਾਤਰਾ ਹੋਵੇਗੀ, ਜਿਨ੍ਹਾਂ ਵਿੱਚੋਂ ਪਹਿਲੀ ਯਾਤਰਾ ਫਰਵਰੀ 2022 ਵਿੱਚ ਮੈਲਬੌਰਨ ਵਿੱਚ ਕਵਾਡ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਸ਼ਾਮਲ ਹੋਣ ਲਈ ਹੋਈ ਸੀ। ਵਿਦੇਸ਼ ਮੰਤਰੀ ਆਪਣੀ ਹਮਰੁਤਬਾ ਮਹਾਮਹਿਮ ਸ਼੍ਰੀਮਤੀ ਪੈਨੀ ਵੌਂਗ ਨਾਲ ਮਿਲਣਗੇ। ਵਿਦੇਸ਼ ਮੰਤਰੀ ਆਸਟ੍ਰੇਲੀਆ ਦੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਮਹਾਮਹਿਮ ਸ਼੍ਰੀ ਰਿਚਰਡ ਮਾਰਲਸ ਨੂੰ ਵੀ ਮਿਲਣਗੇ। ਉਹ ਸਿਡਨੀ ਵਿੱਚ ਲੋਵੀ ਇੰਸਟੀਚਿਊਟ ਸਮੇਤ ਆਸਟ੍ਰੇਲੀਆਈ ਜਲ ਸੈਨਾ, ਮੀਡੀਆ ਅਤੇ ਥਿੰਕ ਟੈਂਕਾਂ ਨਾਲ ਵੀ ਗੱਲਬਾਤ ਕਰਨਗੇ।

ਨਵੀਂ ਦਿੱਲੀ

3 ਅਕਤੂਬਰ, 2022

DISCLAIMER: This is an approximate translation. The original is available in English on MEA's website and may be referred to as the official press release.